# ਜੋਗੀ ਨੇ ਕਦ ਆਉਣਾ

ਮੇਰੇ ਜੋਗੀ ਨੇ ਕਦ ਆਉਣਾ

=================
ਬੋਲ ਵੇ, ਝੱਲਿਆ ਕਾਂਵਾਂ,
ਮੇਰੇ, ਜੋਗੀ / ਬਾਬੇ ਨੇ, ਕਦ ਆਉਣਾ ॥
ਜੋਗੀ ਨੇ, ਕਦ ਆਉਣਾ*,
ਸਿੰਗੀਆਂ, ਵਾਲੇ ਨੇ ਕਦ ਆਉਣਾ ।
ਮੈਂ ਤਾਂ, ਬਾਬੇ ਲਈ, ਰੋਟ ਬਣਾਉਣਾ,
ਮੇਰੇ, ਜੋਗੀ ਨੇ, ਕਦ ਆਉਣਾ,,,
ਬੋਲ ਵੇ, ਝੱਲਿਆ ਕਾਂਵਾਂ,,,,,,,,,,,,,

ਕੱਚੀ, ਲੱਸੀ ਨਾਲ, ਚਰਣ ਧੁਵਾਉਣੇ ।
ਗਲ਼, ਜੋਗੀ ਦੇ, ਹਾਰ ਹੈ ਪਾਉਣੇ ॥
ਰਾਹਾਂ, ਦੇ ਵਿੱਚ, ਫੁੱਲ ਵਿਛਾਉਣੇ,
ਫੇਰਾ, ਕਦ ਕੁੱਲੀ, ਵਿੱਚ ਪਾਉਣਾ,
ਮੇਰੇ, ਜੋਗੀ ਨੇ, ਕਦ ਆਉਣਾ,,,
ਬੋਲ ਵੇ, ਝੱਲਿਆ ਕਾਂਵਾਂ,,,,,,,,,,,,,F

ਨਾਥ, ਮੇਰੇ ਦੀ, ਕਲਾ ਨਿਆਰੀ ।
ਆਉਂਦਾ, ਕਰਕੇ, ਮੋਰ ਸਵਾਰੀ ॥
ਬਾਲਕ, ਸੱਚਾ, ਹੈ ਬ੍ਰਹਮਚਾਰੀ,
ਮੇਰਾ, ਦੇ ਦੇਵੀਂ, ਓਹਨੂੰ ਸਿਰਨਾਵਾਂ,
ਮੇਰੇ, ਜੋਗੀ ਨੇ, ਕਦ ਆਉਣਾ,,,
ਬੋਲ ਵੇ, ਝੱਲਿਆ ਕਾਂਵਾਂ,,,,,,,,,,,,,F

ਸੋਹਣੀ, ਤੋਂ, ਚੌਂਕੀ ਲਗਵਾਉਣੀ ।
ਧੂਣੇ, ਵਾਲੀ, ਭੇਟ ਗਵਾਉਣੀ ॥
ਭੰਗੜਾ, ਪਾਉਣਾ, ਖੁਸ਼ੀ ਮਨਾਉਣੀ,
ਗੁਣ, ਸੌਰਭ, ਨੇ ਹੈ ਗਾਉਣਾ,
ਮੇਰੇ, ਜੋਗੀ ਨੇ, ਕਦ ਆਉਣਾ,,,
ਬੋਲ ਵੇ, ਝੱਲਿਆ ਕਾਂਵਾਂ,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33454/title/JOGI-NE-KAD-AUNA

अपने Android मोबाइल पर BhajanGanga App डाउनलोड करें और भजनों का आनंद ले |